# ਨਿੱਜੀ ਸੇਵਾਵਾਂ ਦਾ ਕਾਰੋਬਾਰ ਖੋਲ੍ਹਣ ਸਬੰਧੀ ਜਾਂਚ-ਸੂਚੀ

**(Opening a Personal Services Business Checklist)**

ਆਪਣੇ ਗਾਹਕ ਦੀ ਸਿਹਤ ਦੀ ਰੱਖਿਆ ਕਰਨਾ ਕਾਰੋਬਾਰ ਦੀ ਸਫਲਤਾ ਲਈ ਮਹੱਤਵਪੂਰਨ ਹੁੰਦਾ ਹੈ। ਤੁਸੀਂ ਅਜਿਹਾ Alberta Public Health Act, Personal Services Regulation (ਨਿੱਜੀ ਸੇਵਾਵਾਂ ਦੇ ਨਿਯਮ ) ਅਤੇ Personal Services Standards (ਨਿੱਜੀ ਸੇਵਾਵਾਂ ਦੇ ਮਿਆਰ) ਦੀ ਪਾਲਣਾ ਕਰਕੇ ਕਰ ਸਕਦੇ ਹੋ। ਇਹ ਜਾਂਚ-ਸੂਚੀ ਸੱਟਾਂ ਅਤੇ ਲਾਗਾਂ ਦੀ ਰੋਕਥਾਮ ਕਰਨ ਵਿੱਚ ਸਾਵਧਾਨੀਆਂ ਵਰਤਣ ਲਈ ਤਹਾਡੀ ਮਦਦ ਕਰ ਸਕਦੀ ਹੈ ਅਤੇ ਜਨਤਕ ਸਿਹਤ ਜਾਂਚ ਲਈ ਤੁਹਾਨੂੰ ਤਿਆਰ ਕਰਦੀ ਹੈ।

## Alberta Health Services ਨੂੰ ਸੂਚਿਤ ਕਰੋ

**(Notify Alberta Health Services)**

1 ਜਲਾਈ, 2020 ਤੋ, ਤੁਹਾਡੇ ਲਈ ਵਰਤਮਾਨ ਜਾਂ ਨਵੀਆਂ ਨਿੱਜੀ ਸੇਵਾਵਾਂ ਬਾਰੇ ਅਲਬਰਟਾ ਸਿਹਤ ਸੇਵਾਵਾਂ (Alberta Health Services, AHS) ਨੂੰ ਸੂਚਿਤ ਕਰਨਾ ਲਾਜ਼ਮੀ ਹੈ। ਭਵਿੱਖ ਵਿੱਚ, ਜੇ ਤੁਸੀਂ ਆਪਣੇ ਵਰਤਮਾਨ ਕਾਰੋਬਾਰ ਵਿੱਚ ਕੋਈ ਨਵੀਆਂ ਸੇਵਾਵਾਂ ਸ਼ਾਮਲ ਕਰਦੇ ਹੋ, ਤਾਂ ਤੁਹਾਡੇ ਲਈ ਗਾਹਕਾਂ ਨੂੰ ਇਹ ਸੇਵਾਵਾਂ ਉਪਲਬਧ ਕਰਾਉਣ ਤੋਂ ਪਹਿਲਾਂ AHS ਨੂੰ ਸੂਚਿਤ ਕਰਨਾ ਜ਼ਰੂਰੀ ਹੈ। ਸੂਚਿਤ ਕਰਨ ਲਈ https://ephisahs.albertahealthservices.ca/create-case-psn/ ਉੱਤੇ ਜਾਓ

## ਯੋਜਨਾਬੰਦੀ

**(Planning)**

- ☐ ਤੁਹਾਡੇ ਵੱਲੋਂ ਆਪਣੇ ਨਵੇਂ ਕਾਰੋਬਾਰ ਦਾ ਨਿਰਮਾਣ ਸ਼ੁਰੂ ਕਰਨ ਤੋਂ ਪਹਿਲਾਂ, ਯੋਜਨਾਵਾਂ ਨੂੰ Public Health ਜਾਂਚ-ਕਰਤਾ ਕੋਲ ਸਮੀਖਿਆ ਲਈ ਦਰਜ ਕਰਵਾਓ। ਇਸ ਨਾਲ ਨਿਰਮਾਣ ਮੁਕੰਮਲ ਹੋਣ ਤੋਂ ਬਾਅਦ ਖਰਚੀਲੀਆਂ ਢਾਂਚਾਗਤ ਤਬਦੀਲੀਆਂ ਤੋਂ ਬਚਣ ਵਿੱਚ ਮਦਦ ਮਿਲ ਸਕਦੀ ਹੈ। ਕਿਰਪਾ ਕਰਕੇ ਯੋਜਨਾਵਾਂ ਉੱਤੇ ਇਹ ਚੀਜ਼ਾਂ ਦਿਖਾਉਣਾ ਯਕੀਨੀ ਬਣਾਓ:
  - ਗਾਹਕ ਸੇਵਾ ਦੇ ਖੇਤਰ
  - ਸਟੋਰੇਜ ਖੇਤਰ, ਵਾਸ਼ਰੂਮ, ਅਤੇ ਉਪਕਰਣ ਰੀ-ਪ੍ਰੋਸੈਸਿੰਗ ਖੇਤਰ
  - ਫਰਸ਼ਾਂ, ਕੰਧਾਂ, ਕਾਊਂਟਰ ਟੌਪ, ਅਤੇ ਛੱਤਾਂ ਦੀ ਫਿਨਿਸ਼ਿੰਗ ਸਮੱਗਰੀ
  - ਰੌਸ਼ਨੀ ਅਤੇ ਹਵਾਦਾਰੀ।

## ਨਿਰਮਾਣ

**(Construction)**

- ☐ ਕੰਮ ਦੀਆਂ ਸਾਵਾਂ ਅਤੇ ਗਾਹਕਾਂ ਦੇ ਸੰਪਰਕ ਵਿੱਚ ਆਉਣ ਵਾਲੀਆਂ ਸਾਵਾਂ ਸਪਾਟ, ਆਸਾਨੀ ਨਾਲ ਸਾਫ਼ ਹੋਣ ਯੋਗ ਅਤੇ ਵਾਟਰਪਰੂਫ ਹੋਣ।
- ☐ ਫਰਸ਼ਾਂ ਅਤੇ ਕੰਧਾਂ ਆਸਾਨੀ ਨਾਲ ਸਾਫ਼ ਅਤੇ ਸਾਂਭ-ਸੰਭਾਲ ਕਰਨ ਯੋਗ ਹੋਣ।
- ☐ ਗਰਮ ਅਤੇ ਠੰਡੇ ਪੀਣ ਯੋਗ ਪਾਣੀ ਦੀ ਸਪਲਾਈ ਕੀਤੀ ਜਾਂਦੀ ਹੈ, ਅਤੇ ਹੱਥ ਧੋਣ ਵਾਲੇ ਸਿੰਕ ਵਿੱਚੋਂ ਗਰਮ ਪਾਣੀ ਆਉਂਦਾ ਹੋਵੇ।



- ☐ ਸਟੋਰੇਜ ਵਾਲੀਆਂ ਥਾਵਾਂ ਉਪਕਰਣਾਂ ਅਤੇ ਸਪਲਾਈ ਨੂੰ ਸੁਰੱਖਿਅਤ ਢੰਗ ਨਾਲ ਸਟੋਰ ਕਰਨ ਅਤੇ ਪ੍ਰਬੰਧਿਤ ਰੱਖਣ ਲਈ ਲੋੜ ਮੁਤਾਬਕ ਵੱਡੀਆਂ ਹੋਣ। ਰੌਸ਼ਨੀ ਇੰਨੀ ਕੁ ਤੇਜ਼ ਹੋਵੇ ਕਿ ਆਸਾਨੀ ਨਾਲ ਜਾਂਚ ਕੀਤੀ ਜਾ ਸਕੇ:
  - ਤੁਹਾਡੇ ਗਾਹਕ ਦੀ ਚਮੜੀ ਦੀ ਸਥਿਤੀ
  - ਤੁਹਾਡੇ ਹੱਥਾਂ ਦੀ ਸਫਾਈ
  - ਉਪਕਰਣਾਂ ਦੀ ਸਫਾਈ ਅਤੇ ਮੁਰੰਮਤ
  - ਤੁਹਾਡੀ ਕੰਮ ਵਾਲੀ ਥਾਂ ਦੀ ਸਫਾਈ।
- ☐ ਹਵਾ ਨਿਕਾਸੀ ਪ੍ਰਣਾਲੀ ਹਾਨੀਕਾਰਕ ਭਾਫਾਂ ਜਾਂ ਹਵਾ ਰਾਹੀਂ ਪੈਦਾ ਹੋਣ ਵਾਲੇ ਖ਼ਤਰਿਆਂ ਨੂੰ ਦੂਰ ਕਰ ਸਕਦੀ ਹੈ, ਜੋ ਤੁਹਾਡੇ ਵੱਲੋਂ ਪੇਸ਼ ਕੀਤੀਆਂ ਜਾਣ ਵਾਲੀਆਂ ਵੱਖ ਵੱਖ ਤਰਾਂ ਦੀਆਂ ਸੇਵਾਵਾਂ ਤੋਂ ਪੈਦਾ ਹੋ ਸਕਦੀਆਂ ਹਨ।

- ਨਿੱਜੀ ਸੇਵਾ ਦੇ ਕਰਮਚਾਰੀਆਂ ਅਤੇ ਗਾਹਕਾਂ ਦੀ ਵਰਤੋਂ ਵਾਲੇ ਵਾਸ਼ਰੂਮ ਵਿੱਚ ਲਿਕਵਿਡ (ਤਰਲ) ਸਾਬਣ ਅਤੇ ਪੇਪਰ ਟਾਵਲ ਜਾਂ ਇੱਕ ਵਾਰ ਵਰਤੇ ਜਾਣ ਵਾਲੇ ਟਾਵਲ ਸਪਲਾਈ ਕੀਤੇ ਜਾਣ।
- ਗਾਹਕ ਦੀ ਪਹੁੰਚ ਤੋਂ ਦੂਰ, ਰੀ-ਪ੍ਰੋਸੈਸਿੰਗ ਖੇਤਰ:
  - ਜਿਸ ਵਿੱਚ ਗਰਮ ਅਤੇ ਠੰਡੇ ਪਾਣੀ ਦਾ ਸਿੰਕ ਹੋਵੇ
  - ਜਿਸ ਵਿੱਚ ਉਪਕਰਣਾਂ ਦੀ ਸਫ਼ਾਈ ਅਤੇ ਰੋਗਾਣੂ ਮੁਕਤ ਕਰਨ ਲਈ ਵੱਧ ਥਾਂ ਹੋਵੇ
  - ਜਿਸ ਵਿੱਚ ਸਾਫ਼ ਅਤੇ ਗੰਦੇ ਉਪਕਰਣਾਂ ਨੂੰ ਵੱਖ ਕਰਨ ਵਾਲੀ ਵਾਧੂ ਥਾਂ ਹੋਵੇ
  - ਜੋ ਗੰਦੇ ਉਪਕਰਣਾਂ ਨੂੰ ਸਾਫ਼ ਕਰਨ ਦੀ ਸਹੂਲਤ ਲਈ ਇੱਕ ਤਰਫਾ ਵਹਾਅ ਲਈ ਤਿਆਰ ਕੀਤਾ ਗਿਆ ਹੋਵੇ
  - ਹੋ ਅਜਿਹੇ ਕਮਰੇ ਵਿੱਚ ਨਹੀਂ ਹੈ ਜਿਸ ਵਿੱਚ ਟਾਇਲਟ ਹੋਵੇ
  - ਜਿਸ ਦੀ ਵਰਤੋਂ ਉਦੋਂ ਤੱਕ ਹੱਥ ਧੋਣ ਲਈ ਨਾ ਕੀਤੀ ਜਾਵੇ, ਜਦੋਂ ਤੱਕ ਰੋਗਾਣੂ ਮੁਕਤ ਕਰਨ ਦੀ ਲਿਖਤੀ ਪ੍ਰਕਿਰਿਆ ਨਾ ਹੋਵੇ।

# ਨਿੱਜੀ ਸੇਵਾਵਾਂ ਦਾ ਕਾਰੋਬਾਰ ਖੋਲ੍ਹਣ ਸਬੰਧੀ ਜਾਂਚ-ਸੂਚੀ। 3
(Opening a Personal Services Business Checklist)

## ਸੰਚਾਲਨ ਪ੍ਰਕਿਰਿਆ
(Operating)

- ☐ ਨਿੱਜੀ ਸੇਵਾ ਦੇ ਕਰਮਚਾਰੀਆਂ ਕੋਲ ਸੁਰੱਖਿਅਤ ਢੰਗ ਨਾਲ ਕੰਮ ਕਰਨ ਲਈ ਢੁੱਕਵੇਂ ਹੁਨਰ ਅਤੇ ਜਾਣਕਾਰੀ ਹੈ, ਜਿਸ ਵਿੱਚ ਇਹ ਸ਼ਾਮਲ ਹਨ:
  - ਉਪਕਰਣ ਦਾ ਵਰਗੀਕਰਣ ਕਰਨਾ
  - ਰੋਗਾਣੂਨਾਸ਼ਕਾਂ, ਐਂਟੀਸੈਪਟਿਕਸ ਅਤੇ ਕੌਸਮੈਟਿਕਸ ਦੇ ਲੇਬਲ ਦੀਆਂ ਹਿਦਾਇਤਾਂ ਪੜ੍ਹਨਾ
  - ਨਿਰਮਾਤਾ ਦੀਆਂ ਉਪਕਰਣਾਂ ਨਾਲ ਸੰਬੰਧਿਤ ਹਿਦਾਇਤਾਂ ਦੀ ਪਾਲਣਾ ਕਰਨਾ
  - ਹੱਥਾਂ ਦੀ ਸਫਾਈ ਕਰਨਾ (ਹੱਥ ਧੋਣਾ ਜਾਂ ਅਲਕੋਹਲ ਅਧਾਰਤ ਹੈਂਡ-ਰਬ ਵਰਤਣਾ), ਜਿਸ ਵਿੱਚ ਸ਼ਾਮਲ ਹਨ:
    - ਹਰ ਸੇਵਾ ਤੋਂ ਪਹਿਲਾਂ ਅਤੇ ਬਾਅਦ ਵਿੱਚ
    - ਦਸਤਾਨੇ ਪਾਉਣ ਜਾਂ ਉਤਾਰਨ ਤੋਂ ਪਹਿਲਾਂ
    - ਉਪਕਰਣ ਰੀ-ਪ੍ਰੋਸੈਸਿੰਗ ਤੋਂ ਬਾਅਦ
  - ਦਸਤਾਨਿਆਂ ਦੀ ਸਹੀ ਢੰਗ ਨਾਲ ਵਰਤੋਂ ਕਰਨਾ, ਜਿਸ ਵਿੱਚ ਸ਼ਾਮਲ ਹਨ:
    - ਜਦੋਂ ਤੁਸੀਂ ਆਪਣੇ ਹੱਥਾ ਨਾਲ ਮਿਊਕਸਮੈਂਬ੍ਰੇਨ (ਲੇਸਦਾਰ ਝਿੱਲੀ) ਜਾਂ ਦੂਸ਼ਿਤ ਚਮੜੀ ਦੇ ਸੰਪਰਕ ਵਿੱਚ ਆਉਂਦੇ ਹੋ
    - ਵਰਤੋਂ ਤੋਂ ਤੁਰੰਤ ਬਾਅਦ ਦਸਤਾਨਿਆਂ ਨੂੰ ਸੁੱਟਣਾ
- ☐ ਤੁਹਾਡੇ ਕੋਲ ਨਿੱਜੀ ਸੇਵਾ ਕਰਮਚਾਰੀਆਂ ਲਈ ਕੰਮ ਵਾਲੀ ਥਾਂ ਲਈ ਨਿਰਧਾਤ ਲਿਖਤੀ ਪ੍ਰਕਿਰਿਆਵਾਂ ਹੋਣ (ਲਾਗੂ ਹੋਣ ‘ਤੇ):
  - ਚਮੜੀ ਜਾਂ ਮਿਊਕਸਮੈਂਬ੍ਰੇਨ ਦੀ ਸਫਾਈ ਕਰਨਾ
  - ਐਂਟੀਸੈਪਟਿਕ ਉਤਪਾਦਾਂ ਦੀ ਵਰਤੋਂ ਕਰਨਾ
  - ਚਮੜੀ ਜਾਂ ਮਿਊਕਸਮੈਂਬ੍ਰੇਨ ਦੇ ਛੇਕਾਂ ਲਈ ਸੇਵਾ ਤੋਂ ਬਾਅਦ ਦੀ ਦੇਖਭਾਲ
  - ਅਚਾਨਕ ਚਮੜੀ ਕੱਟੇ ਜਾਣ ਜਾਂ ਛੇਕ ਹੋਣ ਦੀ ਸਥਿਤੀ ਵਿੱਚ ਗਾਹਕ ਦੀ ਦੇਖਭਾਲ ਕਰਨਾ
  - ਸਿੰਕ ਨੂੰ ਰੋਗਾਣੂਮੁਕਤ ਕਰਨਾ (ਸਿਰਫ ਤਾਂ ਹੀ ਲਾਗੂ ਹੁੰਦਾ ਹੈ ਜੇ ਹੱਥ ਧੋਣ ਲਈ ਅਤੇ ਉਪਕਰਣ ਰੀ-ਪ੍ਰੋਸੈਸਿੰਗ ਦੋਵਾਂ ਲਈ ਵਰਤੋਂ ਕੀਤੀ ਹੋਵੇ)
  - ਮੋਬਾਇਲ ਸਿੰਕ ਦਾ ਸੰਚਾਲਨ ਅਤੇ ਸਾਂਭ-ਸੰਭਾਲ (ਸਿਰਫ ਤਾਂ ਹੀ ਲਾਗੂ ਹੁੰਦਾ ਹੈ ਜੇ ਮੋਬਾਇਲ ਸਿੰਕ ਦੀ ਵਰਤੋਂ ਕੀਤੀ ਹੋਵੇ)
  - ਤੁਹਾਡੇ ਵਲੋਂ ਕੀਤੇ ਜਾਂਦੇ ਕੰਮ, ਜਦੋਂ ਕੋਈ ਰੋਗਾਣੂਨਾਸ਼ਕ ਸਮੇਤ ਕੰਮ ਕਰਨਾ ਬੰਦ ਕਰ ਦਿੰਦਾ ਹੈ ਜਾਂ ਫਿਰ ਜ਼ਮੀਨੀ ਮਾਪਦੰਡ ਬਿਨਾਂ ਕਿਸੇ ਕਾਰਣ ਬਦਲ ਜਾਂਦੇ ਹਨ (ਸਿਰਫ ਰੋਗਾਣੂਮੁਕਤੀ ਦੌਰਾਨ ਹੀ ਲਾਗੂ ਹੁੰਦਾ ਹੈ)।
- ☐ ਇਹ ਤਿੰਨ ਚੀਜ਼ਾਂ ਲਈ ਰਿਕਾਰਡ ਰੱਖਦੇ ਹੋ (ਲਾਗੂ ਹੋਣ ‘ਤੇ):
  - ਉੱਚ ਪੱਧਰੀ ਰੋਗਾਣੂਨਾਸ਼ਕ ਦੀ ਵਰਤੋਂ ਕਰਨਾ
  - ਰੋਗਾਣੂਮੁਕਤੀ
  - ਪਹਿਲਾਂ ਤੋਂ ਰੋਗਾਣੂਮੁਕਤ ਕੀਤੇ ਗਏ ਮਹੱਤਵਪੂਰਨ ਉਪਕਰਣ
  - ਅਜਿਹੀਆਂ ਸੇਵਾਵਾਂ ਦੇ ਗਾਹਕਾਂ ਵੱਲ ਧਿਆਨ ਦੇਣਾ, ਜਿਹਨਾਂ ਵਿੱਚ ਚਮੜੀ ਜਾਂ ਮਿਊਕਸਮੈਂਬ੍ਰੇਨ ਵਿੱਚ ਛੇਕ ਕੀਤਾ ਜਾਂਦਾ ਹੈ।
- ☐ ਬਿਮਾਰੀ ਦੇ ਫੈਲਣ ਨੂੰ ਰੋਕਣ ਲਈ ਸਾਵਧਾਨੀਆਂ ਵਰਤੀਆਂ ਜਾਂਦੀਆਂ ਹਨ, ਜਿਸ ਵਿੱਚ ਨਿੱਜੀ ਸੇਵਾ ਕਰਮਚਾਰੀਆਂ ਲਈ ਚੰਗੀ ਸਫਾਈ ਅਤੇ ਸਾਫ਼ ਕਪੜੇ ਸ਼ਾਮਲ ਹਨ
- ☐ ਉਹਨਾਂ ਸੇਵਾਵਾਂ ਲਈ ਮੌਖਿਕ ਅਤੇ ਲਿਖਤੀ ਗਾਹਕ ਦੇਖਭਾਲ ਹਿਦਾਇਤਾਂ, ਜਿਹਨਾਂ ਵਿੱਚ ਚਮੜੀ ਜਾਂ ਮਿਊਕਸਮੈਂਬ੍ਰੇਨ ਵਿੱਚ ਛੇਕ ਕੀਤਾ ਜਾਂਦਾ ਹੈ।
- ☐ ਕੌਸਮੈਟਿਕ ਉਤਪਾਦਾਂ ਨੂੰ ਸਪਸ਼ਟ ਤੌਰ ਤੇ ਲੇਬਲ ਕੀਤਾ ਗਿਆ ਹੋਵੇ, ਜਿਸ ਵਿੱਚ ਸ਼ਾਮਲ ਹਨ:
  - ਉਤਪਾਦ ਦੀ ਪਛਾਣ
  - ਨਿਰਮਾਤਾ
  - ਸਮੱਗਰੀਆਂ ਦੀ ਪੂਰੀ ਸੂਚੀ
  - ਇਸ ਦੀ ਸੁਰੱਖਿਅਤ ਵਰਤੋਂ ਕਰਨ ਲਈ ਨਿਰਮਾਤਾ ਦੀਆਂ ਹਿਦਾਇਤਾਂ
- ☐ ਜਦੋਂ ਤੁਸੀਂ ਉਨ੍ਹਾਂ ਦੀ ਵਰਤੋਂ ਕਰਦੇ ਹੋ ਜਾਂ ਸਟੋਰ ਕਰਦੇ ਹੋ, ਤਾਂ ਕੌਸਮੈਟਿਕ ਉਤਪਾਦਾਂ ਦੇ ਦੂਸ਼ਿਤ ਹੋਣ ਨੂੰ ਰੋਕਣ ਦੀਆਂ ਪ੍ਰਕਿਰਿਆਵਾਂ।
- ☐ ਕੌਸਮੈਟਿਕ ਉਤਪਾਦਾਂ ਸਬੰਧੀ ਕੌਸਮੈਟਿਕ ਨਿਯਮਾਂ ਦੀ ਪਾਲਣਾ ਕਰਦੇ ਹੋਣ।
- ☐ ਕੂੜੇਦਾਨ ਇਨਾਂ ਕੁ ਵੱਡਾ ਹੋਵੇ ਕਿ ਕੂੜਾ ਬਾਹਰ ਨਾ ਨਿਕਲੇ।
- ☐ ਵਰਤੇ ਗਏ ਤਿੱਖੇ ਔਜ਼ਾਰਾਂ ਨੂੰ ਸੁਰੱਖਿਅਤ ਢੰਗ ਨਾਲ ਸਟੋਰ ਕਰਨ ਲਈ ਛੇਕ-ਰੋਧਕ ਕੰਟੇਨਰ (ਜੇ ਲਾਗੂ ਹੋਵੇ)
- ☐ ਚੱਦਰਾਂ ਨੂੰ ਧੋਣ ਜਾਂ ਸੁੱਟਣ ਦੀਆਂ ਪ੍ਰਕਿਰਿਆਵਾਂ ਜਦੋਂ:

  - ਇਹ ਸਿੱਧਾ ਗਾਹਕਾਂ ਦੇ ਸੰਪਰਕ ਵਿੱਚ ਆਉਂਦੀ ਹੋਵੇ
  - ਇਹ ਗੰਦੇ ਉਪਕਰਣ ਨੂੰ ਛੂਹੁੰਦੀ ਹੋਵੇ
  - ਇਹ ਪਰਤੱਖ ਤੌਰ ਤੇ ਦੂਸ਼ਿਤ ਹੋਵੇ।

- ਤੁਸੀਂ ਇਨ੍ਹਾਂ ਸਾਰੇ ਮੁੜ-ਵਰਤੋਂ ਯੋਗ ਉਪਕਰਣਾਂ ਦਾ ਵਰਗੀਕਰਣ ਕੀਤਾ ਹੈ: ਗੈਰ-ਮਹੱਤਵਪੂਰਨ (Non-Critical), ਅਰਧ-ਮਹੱਤਵਪੂਰਨ (Semi Critical), ਜਾਂ ਮਹੱਤਵਪੂਰਨ (Critical)।
- ਉਪਕਰਣਾਂ ਨੂੰ ਸੁਰੱਖਿਅਤ ਢੰਗ ਨਾਲ ਅਲੱਗ ਕਰਨ ਅਤੇ ਸਾਫ਼ ਕਰਨ ਲਈ ਸਹੀ ਔਜ਼ਾਰ ਅਤੇ ਸਾਫ਼ ਸਫਾਈ ਦਾ ਸਮਾਨ।
- 

- ☐ Health Canada ਦੁਆਰਾ ਜਾਰੀ ਕੀਤੇ ਡਰੱਗ ਆਈਡੈਂਟੀਫਿਕੇਸ਼ਨ ਨੰਬਰ (DIN) ਜਾਂ ਮੈਡੀਕਲ ਡਿਵਾਈਸਾਂ (Medical Devices) ਦੇ ਲਾਇਸੰਸ ਵਾਲੇ ਰੋਗਾਣੂ ਨਾਸ਼ਕ।
- ☐ ਇਸ ਦੇ ਨਿਰਮਾਤਾ ਦੀਆਂ ਹਿਦਾਇਤਾਂ ਦੇ ਅਨੁਸਾਰ ਰੋਗਾਣੂ ਨਾਸ਼ਕ ਦੀ ਵਰਤੋਂ ਕਰਨ ਲਈ ਤੁਹਾਡੇ ਕੋਲ ਸਹੀ ਉਪਕਰਣ ਹੋਣ, ਜਿਵੇਂ ਕਿ ਨਿੱਜੀ ਸੁਰੱਖਿਆ ਉਪਕਰਣ, ਟੈਸਟ ਸਟ੍ਰਿੱਪਾਂ, ਇੱਕ ਟਾਈਮਰ, ਅਤੇ ਸਹੀ ਕੰਟੇਨਰ।
- ☐ ਜੇ ਤੁਸੀਂ ਕਿਸੇ ਰੋਗਾਣੂ ਨਾਸ਼ਕ ਦੀ ਵਰਤੋਂ ਕਰਦੇ ਹੋ:
    - ਇਹ ਰੋਗਾਣੂ ਮੁਕਤੀ ਲਈ ਭਾਫ ਦੀ ਵਰਤੋਂ ਕਰਦਾ ਹੈ
    - ਇਹ ਮੁੜ-ਵਰਤੋਂ ਯੋਗ ਉਪਕਰਣਾਂ ਨੂੰ ਰੋਗਾਣੂ ਮੁਕਤ ਕਰਨ ਲਈ ਤਿਆਰ ਕੀਤਾ ਗਿਆ ਹੈ
    - ਜਿੱਥੇ ਪੈਕੇਜਾਂ ਦਾ ਵਰਤੋਂ ਕੀਤੀ ਜਾਂਦੀ ਹੈ, ਇਹ ਸੁੱਕੇ ਪੈਕੇਜ ਤਿਆਰ ਕਰਦਾ ਹੈ
    - ਇਹ ਰੋਗਾਣੂ ਮੁਕਤੀ ਯੋਗਤਾ ਟੈਸਟਾਂ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ
    - ਇਹ ਹਰੇਕ ਚੱਕਰ ਲਈ ਭੌਤਿਕ, ਰਸਾਇਣਕ, ਅਤੇ ਜਵਲਿਕ ਸੂਚਕਾਂ ਨੂੰ ਪਾਸ ਕਰਦਾ ਹੈ
    - ਨਿੱਜੀ ਸੇਵਾ ਦੇ ਕਰਮਚਾਰੀ ਨਿਰਮਾਤਾ ਦੀਆਂ ਹਿਦਾਇਤਾਂ ਮੁਤਾਬਕ ਇਸ ਦੀ ਵਰਤੋਂ ਕਰਦੇ ਹਨ।
- ☐ ਜੇ ਤੁਸੀਂ ਮੋਬਲ ਸਿੰਕ ਦੀ ਵਰਤੋਂ ਕਰਦੇ ਹੋ:
    - ਇਸ ਨੂੰ ਸਿਰਫ ਹੱਥ ਧੋਣ ਅਤੇ ਗੈਰ-ਨਾਜ਼ੁਕ ਉਪਕਰਣ ਦੀ ਸਫਾਈ ਲਈ ਹੀ ਲੇਬਲ ਕੀਤਾ ਗਿਆ ਹੋਵੇ
    - ਤੁਹਾਡੇ ਕੋਲ ਇਸਦੇ ਸੰਚਾਲਨ ਅਤੇ ਸਾਂਭ-ਸੰਭਾਲ ਲਈ ਲਿਖਤੀ ਪ੍ਰਕਿਰਿਆਵਾਂ ਹੋਣ।

**Contact us at 1-833-476-4743 or submit a request online at ahs.ca/eph.**

PUB-0946-202006

©2020 Alberta Health Services, Safe Healthy Environments

This work is licensed under a Creative Commons Attribution-Non-commercial-Share Alike 4.0 International license. You are free to copy, distribute and adapt the work for non-commercial purposes, as long as you attribute the work to Alberta Health Services and abide by the other license terms. If you alter, transform, or build upon this work, you may distribute the resulting work only under the same, similar, or compatible license. The license does not apply to content for which the Alberta Health Services is not the copyright owner.

This material is intended for general information only and is provided on an "as is," "where is" basis. Although reasonable efforts were made to confirm the accuracy of the information, Alberta Health Services does not make any representation or warranty, express, implied or statutory, as to the accuracy, reliability, completeness, applicability or fitness for a particular purpose of such information.